# ਅੱਠਵੀਂ ਸ਼੍ਰੇਣੀ ਸਲਾਨਾ ਪ੍ਰੀਖਿਆ

## ਖੇਤੀਬਾੜੀ (ਲਿਖਤੀ)

**ਅਕਾਦਮਿਕ ਸਾਲ : 2024-2025**

## ਲਿਖਤੀ ਪ੍ਰੀਖਿਆ ਲਈ ਪ੍ਰਸ਼ਨ ਪੱਤਰ ਦੀ ਬਣਤਰ

**ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50 ਅੰਕ**

ਪ੍ਰਸ਼ਨ ਪੱਤਰ ਵਿੱਚ **ਕੁੱਲ 14 ਪ੍ਰਸ਼ਨ** ਹੋਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :

| ਸੈਕਸ਼ਨ | ਪਾਠ ਨੰਬਰ | 1-1 ਅੰਕ ਵਾਲੇ ਆਬਜੈਕਟਿਵ ਟਾਈਪ ਪ੍ਰਸ਼ਨ | | | 2-2 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ | 4-4 ਅੰਕਾਂ ਵਾਲੇ ਵੱਡੇ ਉੱਤਰਾਂ ਵਾਲੇ ਪ੍ਰਸ਼ਨ | ਕੁੱਲ ਜੋੜ |
|---|---|---|---|---|---|---|---|
| | | ਬਹੁ-ਭਾਂਤੀ ਉੱਤਰਾਂ ਵਾਲੇ ਪ੍ਰਸ਼ਨ | ਖ਼ਾਲੀ ਥਾਂਵਾਂ ਭਰੋ ਵਾਲੇ ਪ੍ਰਸ਼ਨ | ਸਹੀ ਜਾਂ ਗ਼ਲਤ ਕਥਨਾਂ ਵਾਲੇ ਪ੍ਰਸ਼ਨ | | | |
| ੳ | 1, 2, 3 | 2 | 2 | 2 | 2 | 1 | 14 ਅੰਕ |
| ਅ | 4, 5, 6 | 2 | 2 | 2 | 2 | 1 | 14 ਅੰਕ |
| ੲ | 7, 8, 9 | 2 | 2 | 2 | 2 | 1 | 14 ਅੰਕ |
| ਸ | 10, 11 | 1 | 1 | 0 | 1 | 1 | 8 ਅੰਕ |
| ਕੁੱਲ ਪ੍ਰਸ਼ਨ/ਉਪ ਭਾਗ | | 1/7 | 1/7 | 1/6 | 7 | 4 | 14 |
| ਕੁੱਲ ਅੰਕ | | 7 | 7 | 6 | 14 | 16 | 50 |

ਪ੍ਰਸ਼ਨ ਪੱਤਰ ਨੂੰ **ਤਿੰਨ ਭਾਗਾਂ** ਵਿੱਚ ਵੰਡਿਆ ਗਿਆ ਹੈ :

**ਭਾਗ - I** **ਇਸ ਭਾਗ ਵਿੱਚ ਤਿੰਨ ਪ੍ਰਸ਼ਨ ਪੁੱਛੇ ਜਾਣਗੇ :**

**ਪ੍ਰਸ਼ਨ ਨੰਬਰ 1 :** ਇਸ ਦੇ **ਸੱਤ ਉਪ ਭਾਗ** ਹੋਣਗੇ। ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਸੱਤ 'ਬਹੁ-ਵਿਕਲਪੀ ਪ੍ਰਸ਼ਨ'** ਪੁੱਛੇ ਜਾਣਗੇ।

**ਪ੍ਰਸ਼ਨ ਨੰਬਰ 2 :** ਇਸ ਦੇ **ਸੱਤ ਉਪ ਭਾਗ** ਹੋਣਗੇ। ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਸੱਤ 'ਖ਼ਾਲੀ ਥਾਂਵਾਂ ਭਰੋ'** ਵਾਲੇ ਪ੍ਰਸ਼ਨ ਪੁੱਛੇ ਜਾਣਗੇ।

**ਪ੍ਰਸ਼ਨ ਨੰਬਰ 3 :** ਇਸ ਦੇ **ਛੇ ਉਪ ਭਾਗ** ਹੋਣਗੇ। ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਛੇ 'ਠੀਕ ਜਾਂ ਗ਼ਲਤ ਕਥਨ'** ਵਾਲੇ ਪ੍ਰਸ਼ਨ ਪੁੱਛੇ ਜਾਣਗੇ।

**ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।**

**ਭਾਗ - II** ਇਸ ਭਾਗ ਵਿੱਚ **ਪ੍ਰਸ਼ਨ ਨੰਬਰ 4 ਤੋਂ 10 ਤੱਕ ਦੋ-ਦੋ ਅੰਕਾਂ** ਵਾਲੇ **ਸੱਤ ਪ੍ਰਸ਼ਨ** ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਇੱਕ-ਦੋ ਵਾਕਾਂ** ਦਾ ਹੋਵੇਗਾ। **ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।**

**ਭਾਗ - III** ਇਸ ਭਾਗ ਵਿੱਚ **ਪ੍ਰਸ਼ਨ ਨੰਬਰ 11 ਤੋਂ 14 ਤੱਕ ਚਾਰ-ਚਾਰ ਅੰਕਾਂ** ਵਾਲੇ **ਚਾਰ ਪ੍ਰਸ਼ਨ** ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਚਾਰ-ਪੰਜ ਵਾਕਾਂ** ਦਾ ਹੋਵੇਗਾ। ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੋਵੇਗੀ। **ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੋਵੇਗਾ।**

## ਅੱਠਵੀਂ
## ਖੇਤੀਬਾੜੀ
## ਪ੍ਰਯੋਗੀ ਪ੍ਰੀਖਿਆ ਲਈ ਪ੍ਰਸ਼ਨ ਪੱਤਰ ਦੀ ਬਣਤਰ

**ਸਮਾਂ : 2 ਘੰਟੇ** **ਕੁੱਲ ਅੰਕ : 30 ਅੰਕ**

| | | |
|---|---|---|
| **1.** | ਪ੍ਰੀਖਿਆਰਥੀਆਂ ਨੂੰ ਤਿੰਨ ਪ੍ਰਯੋਗ / ਪ੍ਰਾਜੈਕਟ ਦਿੱਤੇ ਜਾਣਗੇ। ਇਨ੍ਹਾਂ ਵਿੱਚੋਂ ਕੋਈ ਦੋ ਪ੍ਰਯੋਗ/ ਪ੍ਰਾਜੈਕਟ ਕਰਨ ਲਈ ਕਿਹਾ ਜਾਵੇਗਾ। | **2×8 ਅੰਕ = 16 ਅੰਕ** |
| **2.** | ਜ਼ਬਾਨੀ ਪ੍ਰਸ਼ਨ | **4 ਅੰਕ** |
| **3.** | ਪ੍ਰਯੋਗੀ ਨੋਟ ਬੁੱਕ | **4 ਅੰਕ** |
| **4.** | ਸੈਂਪਲ ਫਾਈਲ, ਚਾਰਟ ਅਤੇ ਹੋਰ ਪੇਸ਼ਕਾਰੀ। | **3 ਅੰਕ** |
| **5.** | ਮਿੱਟੀ, ਬੀਜਾਂ, ਖਾਦਾਂ, ਫਲ਼ਾਂ, ਪੌਦਿਆਂ ਅਤੇ ਮਸ਼ੀਨਾਂ ਆਦਿ ਦੀ ਪਹਿਚਾਣ ਕਰਨਾ। | **3 ਅੰਕ** |

# ਅੱਠਵੀਂ ਸ਼੍ਰੇਣੀ ਸਲਾਨਾ ਪ੍ਰੀਖਿਆ

## ਖੇਤੀਬਾੜੀ (ਲਿਖਤੀ)

**ਅਕਾਦਮਿਕ ਸਾਲ : 2024-2025**

## ਨਮੂਨਾ ਪ੍ਰਸ਼ਨ ਪੱਤਰ

**ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50 ਅੰਕ**

ਨੋਟ : ਪ੍ਰਸ਼ਨ ਪੱਤਰ ਵਿੱਚ **ਕੁੱਲ 14 ਪ੍ਰਸ਼ਨ** ਹਨ। ਪ੍ਰਸ਼ਨ ਪੱਤਰ ਨੂੰ **ਤਿੰਨ ਭਾਗਾਂ** ਵਿੱਚ ਵੰਡਿਆ ਗਿਆ ਹੈ :

**ਭਾਗ - I** **ਇਸ ਭਾਗ ਵਿੱਚ ਤਿੰਨ ਪ੍ਰਸ਼ਨ ਪੁੱਛੇ ਗਏ ਹਨ** :

**ਪ੍ਰਸ਼ਨ ਨੰਬਰ 1 :** ਇਸ ਦੇ **ਸੱਤ ਉਪ ਭਾਗ** ਹਨ। ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਸੱਤ 'ਬਹੁ-ਵਿਕਲਪੀ ਪ੍ਰਸ਼ਨ'** ਹਨ।

**ਪ੍ਰਸ਼ਨ ਨੰਬਰ 2 :** ਇਸ ਦੇ **ਸੱਤ ਉਪ ਭਾਗ** ਹਨ। ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਸੱਤ 'ਖ਼ਾਲੀ ਥਾਂਵਾਂ ਭਰੋ'** ਵਾਲੇ ਪ੍ਰਸ਼ਨ ਹਨ।

**ਪ੍ਰਸ਼ਨ ਨੰਬਰ 3 :** ਇਸ ਦੇ **ਛੇ ਉਪ ਭਾਗ** ਹਨ। ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਛੇ 'ਠੀਕ ਜਾਂ ਗ਼ਲਤ ਕਥਨ'** ਵਾਲੇ ਪ੍ਰਸ਼ਨ ਹਨ।

**ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।**

**ਭਾਗ - II** ਇਸ ਭਾਗ ਵਿੱਚ **ਪ੍ਰਸ਼ਨ ਨੰਬਰ 4 ਤੋਂ 10 ਤੱਕ ਦੋ-ਦੋ ਅੰਕਾਂ** ਵਾਲੇ **ਸੱਤ ਪ੍ਰਸ਼ਨ** ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਇੱਕ-ਦੋ ਵਾਕਾਂ** ਦਾ ਹੋ ਸਕਦਾ ਹੈ। **ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।**

**ਭਾਗ - III** ਇਸ ਭਾਗ ਵਿੱਚ **ਪ੍ਰਸ਼ਨ ਨੰਬਰ 11 ਤੋਂ 14 ਤੱਕ ਚਾਰ-ਚਾਰ ਅੰਕਾਂ** ਵਾਲੇ **ਚਾਰ ਪ੍ਰਸ਼ਨ** ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਚਾਰ-ਪੰਜ ਵਾਕਾਂ** ਦਾ ਹੋ ਸਕਦਾ ਹੈ। ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੈ। **ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੈ।**

### ਭਾਗ - I

**1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ:**

(i) ਹਰੀ ਖਾਦ ਲਈ ਕਿਹੜੀ ਫ਼ਸਲ ਬੀਜੀ ਜਾਂਦੀ ਹੈ ?

(ੳ) ਜੰਤਰ (ਅ) ਛੋਲਾ (ੲ) ਨਰਮਾ (ਸ) ਕਣਕ **1**

(ii) ਸਰਦੀ ਰੁੱਤ ਦਾ ਫੁੱਲ ਕਿਹੜਾ ਹੈ ?

(ੳ) ਸੂਰਜਮੁਖੀ (ਅ) ਜ਼ੀਨੀਆ (ੲ) ਕੋਚੀਆ (ਸ) ਬਰਫ਼ **1**

(iii) ਸੂਰਜੀ ਊਰਜਾ ਨਾਲ਼ ਫ਼ਲਾਂ ਅਤੇ ਸਬਜ਼ੀਆਂ ਨੂੰ ਸੁਕਾਉਣ ਲਈ ਕਿਹੜੇ ਯੰਤਰ ਦੀ ਵਰਤੋਂ ਕੀਤੀ ਜਾਂਦੀ ਹੈ ?

(ੳ) ਸੋਲਰ ਕੁੱਕਰ (ਅ) ਸੋਲਰ ਡਰਾਇਅਰ (ੲ) ਸੋਲਰ ਲਾਲਟੈਣ (ਸ) ਸੋਲਰ ਵਾਟਰ ਪੰਪ **1**

(iv) ਪੰਜਾਬ ਵਿੱਚ ਖੁੰਬ ਦੀ ਕਿਹੜੀ ਕਿਸਮ ਸਭ ਤੋਂ ਵੱਧ ਉਗਾਈ ਜਾਂਦੀ ਹੈ ?

(ੳ) ਬਟਨ (ਅ) ਢੀਂਗਰੀ (ੲ) ਸ਼ਿਟਾਕੀ (ਸ) ਮਿਲਕੀ **1**

(v) ਪੰਜਾਬ ਵਿੱਚ ਕਿੰਨੇ ਪ੍ਰਤੀਸ਼ਤ ਰਕਬਾ ਸਿੰਚਾਈ ਅਧੀਨ ਹੈ ?

(ੳ) 15% (ਅ) 25% (ੲ) 45% (ਸ) 98% **1**

(vi) ਜੈਵਿਕ ਖੇਤੀ ਵਿੱਚ ਕਿਸ ਤਰ੍ਹਾਂ ਦੀਆਂ ਫ਼ਸਲਾਂ ਨੂੰ ਅੰਤਰ ਫ਼ਸਲਾਂ ਵਜੋਂ ਬੀਜਿਆ ਜਾਂਦਾ ਹੈ ?

(ੳ) ਫਲੀਦਾਰ (ਅ) ਤੇਲ-ਬੀਜ (ੲ) ਅਨਾਜ (ਸ) ਰੇਸ਼ੇਦਾਰ 1

(vii) ਫ਼ਲਾਂ ਅਤੇ ਸਬਜ਼ੀਆਂ ਦੀ ਦਰਜਾਬੰਦੀ ਕਿਸ ਅਧਾਰ 'ਤੇ ਕੀਤੀ ਜਾਂਦੀ ਹੈ ?

(ੳ) ਅਕਾਰ (ਅ) ਭਾਰ (ੲ) ਰੰਗ (ਸ) ਇਹ ਸਾਰੇ 1

**1 ਅੰਕ × 7 = 7 ਅੰਕ**

**2. ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

(i) ਝੋਨਾ ਬੀਜਣ ਲਈ ................ ਜ਼ਮੀਨ ਚੰਗੀ ਹੁੰਦੀ ਹੈ। (ਰੇਤਲੀ / ਚੀਕਣੀ) 1

(ii) ਇੱਕ ਹੈਕਟੇਅਰ ਵਿੱਚ ................ ਕਿੱਲੇ (ਏਕੜ) ਹੁੰਦੇ ਹਨ। (2.5 / 5) 1

(iii) ਖੁੰਬਾਂ ਦੇ ਬੀਜ ਨੂੰ ................ ਕਿਹਾ ਜਾਂਦਾ ਹੈ। (ਲਾਰਵਾ / ਸਪਾਨ) 1

(iv) ਪੰਜਾਬ ਵਿੱਚ .................. ਮਧੂ ਮੱਖੀ ਪਾਲੀ ਜਾਂਦੀ ਹੈ। (ਡੂਮਣਾ / ਇਟਾਲਿਅਨ) 1

(v) ਰਾਈਜ਼ੋਬੀਅਮ ਬੈਕਟੀਰੀਆ ਹਵਾ ਵਿਚਲੀ ............. ਨੂੰ ਪੌਦੇ ਦੀਆਂ ਜੜ੍ਹਾਂ ਵਿੱਚ ਜਮ੍ਹਾਂ ਕਰਨ ਦਾ ਕੰਮ ਕਰਦਾ ਹੈ।

(ਨਾਈਟਰੋਜਨ / ਫਾਸਫੋਰਸ) 1

(vi) ਟਰੈਕਟਰ ਨੂੰ ਹਮੇਸ਼ਾ ............ ਗਿਅਰ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ। (ਚੌਥੇ / ਨਿਊਟਰਲ) 1

(vii) ਪੰਜਾਬ ਵਿੱਚ ਸਭ ਤੋਂ ਵੱਧ ਉਗਾਇਆ ਜਾਣ ਵਾਲਾ ਫਲ਼ .................... ਹੈ। (ਸੇਬ / ਕਿੰਨੂ) 1

**1 ਅੰਕ × 7 = 7 ਅੰਕ**

**3. ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

(i) ਖਾਰੀਆਂ ਜ਼ਮੀਨਾਂ ਨੂੰ ਸੁਧਾਰਨ ਲਈ ਜਿਪਸਮ ਵਰਤਿਆ ਜਾਂਦਾ ਹੈ। 1

(ii) ਝਗੜੇ ਵਾਲੀ ਜ਼ਮੀਨ ਦੀ ਗਿਰਦਾਵਰੀ ਦਰੁਸਤੀ ਡਾਕਟਰ ਕਰਦਾ ਹੈ। 1

(iii) ਸੋਲਰ ਲਾਲਟੈਣ ਨੂੰ ਭੋਜਨ ਪਕਾਉਣ ਲਈ ਵਰਤਿਆ ਜਾਂਦਾ ਹੈ। 1

(iv) ਸ਼ਹਿਦ ਦੀ ਮੱਖੀ ਦੇ ਤਿੰਨ ਜੋੜੀਆਂ ਲੱਤਾਂ ਹੁੰਦੀਆਂ ਹਨ। 1

(v) ਭਾਰਤ ਤੇਲ-ਬੀਜ ਫ਼ਸਲਾਂ ਨੂੰ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ। 1

(vi) ਜੈਵਿਕ ਖੇਤੀ ਵਿੱਚ ਰੂੜੀ ਦੀ ਖਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ। 1

**1 ਅੰਕ × 6 = 6 ਅੰਕ**

## ਭਾਗ - II

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**4.** ਮੈਰਾ ਭੂਮੀ ਦੇ ਕੋਈ ਦੋ ਗੁਣ ਲਿਖੋ। 2

**5.** ਬੀਜ ਰਾਹੀਂ ਤਿਆਰ ਕੀਤੇ ਜਾਣ ਵਾਲੇ ਕਿਸੇ ਦੋ ਫਲ਼ਦਾਰ ਪੌਦਿਆਂ ਦੇ ਨਾਂ ਲਿਖੋ। 2

**6.** ਸੂਰਜੀ ਊਰਜਾ ਨਾਲ਼ ਚੱਲਣ ਵਾਲੇ ਕਿਸੇ ਦੋ ਯੰਤਰਾਂ ਦੇ ਨਾਂ ਲਿਖੋ। 2

**7.** ਖੁੰਬਾਂ ਕਿਹੜੇ ਦੋ ਰੋਗਾਂ ਨਾਲ਼ ਦੁਖੀ ਲੋਕਾਂ ਲਈ ਲਾਭਦਾਇਕ ਹਨ ? 2

8. ਹਰੇ ਚਾਰੇ ਤੇ ਅਧਾਰਿਤ ਕਿਸੇ ਦੋ ਫ਼ਸਲੀ ਚੱਕਰਾਂ ਦੇ ਨਾਂ ਲਿਖੋ। **2**

9. ਟਰੈਕਟਰ ਨਾਲ਼ ਚੱਲਣ ਵਾਲੀਆਂ ਕਿਸੇ ਦੋ ਖੇਤੀ ਮਸ਼ੀਨਾਂ ਦੇ ਨਾਂ ਲਿਖੋ। **2**

10. ਕਿਸੇ ਦੋ ਫਲ਼ਾਂ ਦੇ ਨਾਂ ਲਿਖੋ ਜਿਨ੍ਹਾਂ ਉੱਤੇ ਮੋਮ ਦੀ ਤਹਿ ਚੜ੍ਹਾਈ ਜਾਂਦੀ ਹੈ। **2**

**2 ਅੰਕ × 7 = 14 ਅੰਕ**

## ਭਾਗ - III

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਵਾਕਾਂ ਵਿੱਚ ਦਿਓ :**

11. ਸੇਮ ਵਾਲੀ ਜ਼ਮੀਨ ਨੂੰ ਸੁਧਾਰਨ ਦੇ ਕੋਈ ਚਾਰ ਤਰੀਕੇ ਲਿਖੋ। **4**

ਜਾਂ

ਪਨੀਰੀ ਤਿਆਰ ਕਰਨ ਲਈ ਜ਼ਮੀਨ ਦੀ ਚੋਣ ਕਰਦੇ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ। **4**

12. ਸ਼ਹਿਦ ਦੀਆਂ ਮੱਖੀਆਂ ਖ਼ਰੀਦਣ ਵੇਲੇ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? **4**

ਜਾਂ

ਖੁੰਬਾਂ ਦੇ ਮੰਡੀਕਰਨ ਬਾਰੇ ਤੁਸੀਂ ਕੀ ਜਾਣਦੇ ਹੋ ? **4**

13. ਸੰਯੁਕਤ ਫ਼ਸਲ ਪ੍ਰਣਾਲੀ ਵਿੱਚ ਕਿਸਾਨਾਂ ਵੱਲੋਂ ਅਪਣਾਏ ਜਾ ਸਕਣ ਵਾਲੇ ਕੋਈ ਚਾਰ ਖੇਤੀ ਅਧਾਰਿਤ ਸਹਾਇਕ ਧੰਦਿਆਂ ਦੇ ਨਾਂ ਲਿਖੋ। **4**

ਜਾਂ

ਜੈਵਿਕ ਖੇਤੀ ਦੇ ਕੋਈ ਚਾਰ ਲਾਭ ਲਿਖੋ। **4**

14. ਔਲ਼ੇ ਦਾ ਅਚਾਰ ਕਿਵੇਂ ਤਿਆਰ ਕੀਤਾ ਜਾਂਦਾ ਹੈ ? **4**

ਜਾਂ

ਫਲ਼ਾਂ ਅਤੇ ਸਬਜ਼ੀਆਂ ਦੀ ਢੋਆ-ਢੁਆਈ ਦੌਰਾਨ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ। **4**

**4 ਅੰਕ × 4 = 16 ਅੰਕ**